# ਬਹਾਦਰ ਅਮਰੀਕੀ ਨੌਜਵਾਨ

ਐਤਵਾਰ ਮਈ 20, 2012 ਨੂੰ ਸ਼ਿਕਾਗੋ ਵਿਖੇ ਹਜ਼ਾਰਾਂ ਲੋਕਾਂ ਦੇ ਸਾਮ੍ਹਣੇ ਅਮਰੀਕੀ ਫੌਜ ਦੇ ਚਾਲੀ ਤੋਂ ਵੀ ਜ਼ਿਆਦਾ ਨੌਜਵਾਨ ਸਾਬਕਾ ਫੌਜੀਆਂ ਨੇ ਆਪਣੇ ਤਗਮੇ ਉਥੇ ਸੜਕ ਵਿਚ ਸੁੱਟ ਦਿਤੇ ਜਿੱਥੇ ਨੇਟੋ ਦੇ ਆਗੂ ਗੱਲਬਾਤ ਕਰ ਰਹੇ ਸੀ। ਇਹ ਫੌਜੀ ਕਦੇ ਅਫ਼ਗਾਨਿਸਤਾਨ ਤੇ ਇਰਾਕ ਵਿਚ ਤੈਨਾਤ ਰਹੇ ਸਨ। ਇਨ੍ਹਾਂ ਨੇ ਅਮਰੀਕੀ ਫੌਜ ਵਲੋਂ ਕੀਤੇ ਜਾ ਰਹੇ ਵਹਿਸ਼ੀ ਜਬਰ ਦੀਆਂ ਕਹਾਣੀਆਂ ਲੋਕਾਂ ਨੂੰ ਦੱਸਦਿਆਂ ਕਿਹਾ ਕਿ ਜੋ ਤਬਾਹੀ ਅਤੇ ਬਰਬਾਦੀ ਅਮਰੀਕੀ ਫੌਜ ਉਨ੍ਹਾਂ ਮੁਲਕਾਂ ਵਿਚ ਢਾਹ ਰਹੀ ਹੈ ਉਸਦਾ ਕੋਈ ਹਿਸਾਬ ਨਹੀਂ ਹੈ। ਉਨ੍ਹਾਂ ਨੇ ਅਮਰੀਕਾ ਦੇ ਸਾਰੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸਰਕਾਰ ਤੇ ਜ਼ੋਰ ਪਾਉਣ ਕਿ ਇਹ ਮੌਤ ਦਾ  ਤਾਂਡਵ ਨਾਚ ਬੰਦ ਕੀਤਾ ਜਾਵੇ ਅਤੇ ਅਫ਼ਗਾਨਿਸਤਾਨ, ਇਰਾਕ ਅਤੇ ਹੋਰਨਾਂ ਮੁਲਕਾਂ ਚੋਂ ਅਮਰੀਕਨ ਫੌਜ ਨੂੰ ਵਾਪਸ ਬੁਲਾਇਆ ਜਾਵੇ। ਇਨ੍ਹਾਂ ਫੌਜੀ ਨੌਜਵਾਨਾਂ ਨੇ ਲੋਕਾਂ ਨੂੰ ਇਹ ਵੀ ਦੱਸਿਆ ਕਿ ਉਹ ਜਦੋਂ ਭਰਤੀ ਹੋਏ ਸੀ ਤਾਂ ਉਨ੍ਹਾਂ ਨੂੰ ਦੱਸਿਆ ਗਿਆ ਸੀ ਕਿ ਉਹ ਅਫ਼ਗਾਨਿਸਤਾਨ ਅਤੇ ਇਰਾਕ ਵਿਚ ਆਜ਼ਾਦੀ ਅਤੇ ਮਨੁੱਖੀ ਹੱਕਾਂ ਦੀ ਰਾਖੀ ਲਈ ਜਾ ਰਹੇ ਹਨ। ਪਰ ਅਮਰੀਕੀ ਫੌਜ ਦੇ ਸੌੜੇ ਅਤੇ ਦਹਿਸ਼ਤਗਰਦੀ ਦੇ ਕੰਮ ਅਤੇ ਲੋਕਾਂ ਤੇ ਹਮਲੇ ਦੇਖ ਕੇ ਉਨ੍ਹਾਂ ਦਾ ਦਿਲ ਦਹਿਲ ਗਿਆ ਅਤੇ ਉਨ੍ਹਾਂ ਨੇ ਫੌਜ ਤੋਂ ਅਸਤੀਫ਼ਾ ਦੇ ਕੇ ਇਨ੍ਹਾਂ ਹਮਲਿਆਂ ਖ਼ਿਲਾਫ਼ ਆਵਾਜ਼ ਬੁਲੰਦ ਕਰਨ ਦਾ ਫੈਸਲਾ ਕੀਤਾ।

ਨੇਟੋ ਖ਼ਿਲਾਫ਼ ਮੁਜ਼ਾਹਰਿਆਂ ਵਿਚ ਪਿਛਲਾ ਪੂਰਾ ਹਫਤਾ ਹਜ਼ਾਰਾਂ ਹੀ ਨੌਜਵਾਨਾਂ, ਅਤੇ ਹੋਰ ਲੋਕਾਂ ਨੇ ਹਿੱਸਾ ਲਿਆ ਅਤੇ ਇਸ ਗੱਠਜੋੜ ਦੀ ਨਿਖੇਧੀ ਕੀਤੀ। ਸ਼ਿਕਾਗੋ ਦੀ ਪੁਲੀਸ ਨੇ ਪੂਰੇ ਸ਼ਹਿਰ ਦੀ ਕਿਲ੍ਹਾ ਬੰਦੀ ਕਰ ਦਿਤੀ ਸੀ ਅਤੇ ਨੌਜਵਾਨਾਂ ਤੇ ਬਹੁਤ ਤਸ਼ੱਦਦ ਕੀਤਾ। ਮੁਜ਼ਾਹਰੇ ਬਾਰੇ ਲਾਈਵਸਟ੍ਰੀਮ ਇੰਟਰਨੈੱਟ ਰਾਹੀਂ ਇਤਲਾਹ ਦੇ ਰਹੇ ਤਿੰਨ ਨੌਜਵਾਨਾ ਨੂੰ ਪੁਲਿਸ ਨੇ ਦਹਿਸ਼ਤਗਰਦੀ ਦੇ ਇਲਜ਼ਾਮ ਵਿਚ ਹਿਰਾਸਤ ਵਿਚ ਲੈ ਲਿਆ ਹੈ ਅਤੇ ਹਰੇਕ ਦੀ ਜ਼ਮਾਨਤ ਦੀ ਰਕਮ ੧੫ ਲੱਖ ਡਾਲਰ ਮੁਕੱਰਰ ਕਰ ਦਿਤੀ ਗਈ ਹੈ।

ਨੈਸ਼ਨਲ ਲਾਅਰਜ਼ ਗਿਲਡ, ਜੋ ਇਨ੍ਹਾਂ ਤਿਨ ਨੌਜਵਾਨਾਂ ਦੇ ਕੇਸ ਦੀ ਪੈਰਵੀ ਕਰ ਰਿਹਾ ਹੈ, ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਇਨ੍ਹਾਂ ਨੌਜਵਾਨਾਂ ਬਾਰੇ ਕੁਝ ਵੀ ਨਹੀਂ ਦੱਸਿਆ ਜਾ ਰਿਹਾ। ਦੱਸਿਆ ਜਾਂਦਾ ਹੈ ਕਿ ਪੁਲੀਸ ਅਤੇ ਹੋਮਲੈਂਡ ਸਿਕਿਉਰਿਟੀ ਅਮਰੀਕਨ ਲੋਕਾਂ ਦੇ ਗੁੱਸੇ ਨਾਲ ਨਿਪਟਣ ਲਈ ਵਹਿਸ਼ੀ ਅਤੇ ਫਾਸ਼ੀ ਤਰੀਕੇ ਅਖ਼ਤਿਆਰ ਕਰ ਰਹੇ ਹਨ ਅਤੇ ਉਨ੍ਹਾਂ ਨੂੰ ਇਸ ਤਰ੍ਹਾਂ ਦੇ ਕਰਾਉਡ ਕੰਟਰੋਲ ਦੀ ਟਰੇਨਿੰਗ ਵੀ ਦਿੱਤੀ ਗਈ ਹੈ।

ਇਹ ਸਭ ਕੁਝ ਓਬਾਮਾ ਦੇ ਸ਼ਹਿਰ ਵਿਚ ਉਸਦੀਆਂ ਅੱਖਾਂ ਸਾਹਮਣੇ ਹੋ ਰਿਹਾ ਹੈ। ਪਰ ਓਬਾਮਾ ਵੀ ਮਜਬੂਰ ਹੈ। ਆਪਣੀ ਗੱਦੀ ਬਚਾਉਣ ਲਈ ਅਤੇ  ਸੂਦਖ਼ੋਰਾਂ ਦੇ ਮੁਨਾਫ਼ੇ ਬਚਾਉਣ ਲਈ ਉਸਨੂੰ ਇਹ ਕੁਝ ਕਰਨਾ ਹੀ ਪੈਣਾ ਹੈ। ਉਸ ਕੋਲ ਵੀ ਹੋਰ ਰਾਹ ਨਹੀਂ ਤੇ ਲੋਕਾਂ ਕੋਲ ਵੀ ਸੰਘਰਸ਼ ਇਲਾਵਾ ਹੋਰ ਕੋਈ ਰਾਹ ਨਹੀਂ। ਅਮਰੀਕਾ ਵਿਚ ਹਾਲਾਤ ਅਤੇ ਹਕੂਮਤ ਵਿਚਕਾਰ ਵੱਡਾ ਸੰਘਰਸ਼ ਛਿੜ ਪਿਆ ਹੈ। ਆਕੂਪਾਈ ਲਹਿਰ ਇਸ ਸੰਘਰਸ਼ ਦੀ ਇਕ ਲੜੀ ਹੈ। ਜੰਗ ਖ਼ਿਲਾਫ਼ ਉਭਾਰ ਇਸ ਦੀ ਇਕ ਹੋਰ ਲੜੀ ਹੈ। ਬੈਂਕਾਂ ਖ਼ਿਲਾਫ਼ ਲੋਕਾਂ ਦਾ ਗੁੱਸਾ ਇਸ ਦੀ ਇਕ ਹੋਰ ਲੜੀ ਹੈ। ਤਾਕਤ, ਰਿਆਸਤ ਅਤੇ ਹਕੂਮਤ, ਸੂਦਖ਼ੋਰਾਂ ਅਤੇ ਬੈਂਕਾਂ ਦੇ ਮੁਨਾਫ਼ੇ ਤੇ ਮੁਫ਼ਾਦ ਬਚਾਉਣ ਤੇ ਵਧਾਉਣ ਲਈ ਲੋਕਾਂ ਉੱਤੇ ਲਗਾਤਾਰ ਹਮਲੇ ਕਰ ਰਹੇ ਹਨ।

ਲੋਕ ਆਪਣੇ ਅਤੇ ਸਰਬੱਤ ਦੇ ਹੱਕਾਂ ਦੀ ਰਾਖੀ ਲਈ ਘੋਲ ਕਰ ਰਹੇ ਹਨ। ਇਸ ਮਹਾਨ ਘੋਲ ਵਿਚ ਅਮਰੀਕੀ ਨੌਜਵਾਨ ਪਹਿਲੀਆਂ ਸਫ਼ਾਂ ਵਿਚ ਹਨ। ਬਰੈਡਲੀ ਮੈਨਿੰਗ ਵਰਗੇ ਹਜ਼ਾਰਾਂ ਨੌਜਵਾਨ ਆਪਣੇ ਅਤੇ ਹੋਰਨਾਂ ਦੇ ਹੱਕਾਂ ਲਈ ਹਰ ਤਰ੍ਹਾਂ ਦੀ ਕੁਰਬਾਨੀ ਦੇਣ ਲਈ ਤਿਆਰ ਹੋ ਰਹੇ ਹਨ। ਉਹ ਇਸ ਬੰਦੋਬਸਤ ਅਤੇ ਸਿਸਟਮ ਦਾ ਮੁਤਬਾਦਲ ਵੀ ਭਾਲ ਰਹੇ ਹਨ। ਹਜ਼ਾਰਾਂ ਹੀ ਨੌਜਵਾਨ ਛੋਟਿਆਂ ਵੱਡਿਆਂ ਇਲਾਕਿਆਂ ਵਿਚ ਨਵੇਂ ਤਜਰਬੇ ਕਰ ਰਹੇ ਹਨ। ਕਈ ਥਾਂਵਾਂ ਤੇ ਉਹ ਮੰਡੀ ਦੇ ਨਿਜ਼ਾਮ ਤੋਂ ਬਾਹਰ ਹੋ ਕੇ ਆਪਣੇ ਵਰਤਣ ਲਈ ਵਸਤਾਂ ਆਪ ਪੈਦਾ ਕਰਕੇ ਆਪਣੇ ਆਪ ਤੇ ਨਿਰਭਰ ਹੋਣ ਦੀ ਟਰੇਨਿੰਗ ਲੈ ਰਹੇ ਹਨ। ਡਿਟਰਾਇਟ ਜੈਸੇ ਸ਼ਹਿਰਾਂ ਵਿਚ ਜਿੱਥੇ ਕਿ ਬੇਰੁਜ਼ਗਾਰੀ 50 ਫ਼ੀ ਸਦੀ ਤੋਂ ਵੀ ਜ਼ਿਆਦਾ ਹੈ ਉਥੇ ਉਹ ਉੱਜੜੇ ਹੋਏ ਇਲਾਕਿਆਂ ਵਿਚ ਫਸਲਾਂ ਉਗਾ ਕੇ ਆਪਣਾ ਗੁਜ਼ਾਰਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਉਹ ਆਪਣੇ ਅਤੇ ਅਮਰੀਕਨ ਸਮਾਜ ਨੂੰ ਦਰਪੇਸ਼ ਮਸਲਿਆਂ ਦਾ ਹੱਲ ਭਾਲ ਰਹੇ ਹਨ।

ਇਹ ਬਹਾਦਰ ਨੌਜਵਾਨ ਦਲੇਰੀ ਨਾਲ ਹਾਲਾਤ ਦਾ ਸਾਹਮਣਾ ਕਰ ਰਹੇ ਹਨ ਅਤੇ ਆਪਣੇ ਭਵਿਖ ਨੂੰ ਮਹਿਫੂਜ਼ ਕਰਨ ਦੇ ਫਿਕਰ ਵਿਚ ਹਨ। ਹਾਕਮ ਟੋਲੇ ਨੇ ਉਨ੍ਹਾਂ ਲਈ ਹਰ ਰਾਹ ਬੰਦ ਕਰ ਦਿਤਾ ਹੈ ਤੇ ਉਹ ਨਵੇਂ ਰਾਹ ਖੋਲ੍ਹਣ ਦੀ ਭਾਲ ਵਿਚ ਹਨ।